ਡਾਇਰੈਕਟਰ ਜਨਰਲ ਸਕੂਲ ਸਿੱਖਿਆ
-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ

ਮੀਮੋ ਨੰ:ਸਸਅ/ਏਐੱਸਪੀਡੀ(ਪ੍ਰਾ.ਸਿ)/20147469          ਮਿਤੀ, ਸ.ਅ.ਸ ਨਗਰ:05-12-14

ਪਿਆਰੇ ਪ੍ਰਾਇਮਰੀ ਅਧਿਆਪਕ ਸਾਥੀਓ,

ਮੈਨੂੰ ਇਸ ਗੱਲ ਦੀ ਅਤਿਅੰਤ ਖੁਸ਼ੀ ਹੈ ਕਿ ਆਪ ਵੱਲੋਂ ਪ੍ਰਵੇਸ਼ ਪ੍ਰਾਜੈਕਟ ਤਹਿਤ ਨਵੰਬਰ ਮਹੀਨੇ ਨੂੰ ਪੰਜਾਬੀ ਮਹੀਨੇ ਦੇ ਤੌਰ 'ਤੇ ਮਨਾ ਕੇ ਜਿੱਥੇ ਆਪ ਸਭ ਨੇ ਮਿਲ ਕੇ ਮਾਂ ਬੋਲੀ ਪੰਜਾਬੀ ਦੀ ਸੇਵਾ ਕੀਤੀ ਹੈ ਉੱਥੇ ਮਿਤੀ 29/11/14 ਨੂੰ ਬਾਲ ਸਭਾਵਾਂ ਦੌਰਾਨ ਸਕੂਲ ਦੇ ਨੰਨ੍ਹੇ-ਮੁੰਨੇ ਬੱਚਿਆਂ ਦੇ ਮੌਲਿਕ ਸਵੈ ਪ੍ਰਗਟਾਵੇ ਨੂੰ ਸੰਜੋਦੇ ਹੱਥ ਲਿਖਤ ਮੈਗਜ਼ੀਨ ਜਾਰੀ ਕਰਕੇ ਪੰਜਾਬੀ ਬਾਲ ਸਾਹਿਤ ਦੇ ਖੇਤਰ ਵਿਚ ਇਕ ਨਵੇਂ ਮੁਕਾਮ ਦੀ ਪ੍ਰਾਪਤੀ ਵੀ ਕੀਤੀ ਹੈ। ਨੰਨ੍ਹੀਆਂ ਕਲਮਾਂ ਅਤੇ ਪੇਂਟਿੰਗ ਬੁਰਸ਼ਾਂ ਨੇ ਆਪਣੀ ਕਿਸਮ ਦੇ ਇਸ ਨਵੇਕਲੇ ਮੌਕੇ ਨੂੰ ਦੋਵੇਂ ਹੱਥੀਂ ਲੈਂਦਿਆਂ ਕਾਗਜ਼ 'ਤੇ ਜੋ ਸਾਹਿਤਕ ਅਤੇ ਕਲਾਤਮਕ ਹੁਨਰਾਂ ਦਾ ਪ੍ਰਗਟਾਵਾ ਕੀਤਾ ਹੈ ਉਹ ਸੱਚਮੁੱਚ ਹੀ ਕਾਬਿਲ-ਏ-ਤਾਰੀਫ਼ ਹੈ। ਰਾਜ ਦੇ ਸਮੂਹ ਸਰਕਾਰੀ ਪ੍ਰਾਇਮਰੀ ਸਕੂਲਾਂ ਵਿਚ ਹੱਥ ਲਿਖਤ ਮੈਗਜ਼ੀਨ ਜਾਰੀ ਕਰਨਾ ਪ੍ਰਾਇਮਰੀ ਸਿੱਖਿਆ ਦੇ ਇਤਿਹਾਸ ਵਿਚ ਵੱਡੀ ਗੱਲ ਹੈ। ਤੁਹਾਡੇ ਇਸ ਸ਼ਲਾਘਾਯੋਗ ਉਪਰਾਲੇ ਨਾਲ ਸਾਰੇ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਵਿਦਿਆਰਥੀਆਂ ਦੇ ਛੁਪੇ ਹੋਏ ਹੁਨਰ ਅਤੇ ਯੋਗਤਾਵਾਂ ਜੱਗ ਜ਼ਾਹਰ ਹੋਈਆਂ ਹਨ ਅਤੇ ਜੋ ਹਾਲੇ ਤੱਕ ਵੀ ਛੁਪੀਆਂ ਹੋਈਆਂ ਹਨ ਉਨ੍ਹਾਂ ਨੂੰ ਵੀ ਜਾਗ ਜ਼ਰੂਰ ਲੱਗ ਗਿਆ ਹੈ।

ਮੈਂ ਨਿਜੀ ਤੌਰ 'ਤੇ ਤੁਹਾਡੀ ਇਸ ਉਪਲਬਧੀ ਨੂੰ ਬਹੁਤ ਵੱਡੀ ਮੰਨਦਾ ਹਾਂ ਕਿਉਂਕਿ ਵੱਡੀ ਗਿਣਤੀ ਵਿਚ ਬੱਚਿਆਂ ਦੇ ਮਾਪਿਆਂ, ਪਤਵੰਤੇ ਸੱਜਣਾਂ, ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰਾਂ ਵੱਲੋਂ ਸਕੂਲਾਂ ਵਿਚ ਸ਼ਿਰਕਤ ਕੀਤੀ ਗਈ ਹੈ। ਇਹ ਸਭ ਤੁਹਾਡੇ ਉੱਦਮ ਅਤੇ ਮਿਹਨਤ ਸਦਕਾ ਹੀ ਹੋ ਸਕਿਆ ਹੈ।

ਮੈਂ ਇਹ ਵੀ ਉਮੀਦ ਕਰਦਾ ਹਾਂ ਕਿ ਭਵਿੱਖ ਵਿਚ ਵੀ ਤੁਸੀਂ ਇਸ ਭਾਵਨਾ ਨੂੰ ਕਾਇਮ ਰੱਖਦੇ ਹੋਏ ਨਾ ਕੇਵਲ ਬੱਚਿਆਂ ਦੀ ਅਜਿਹੀ ਸਿਰਜਣਾਤਮਕਤਾ ਜਾਰੀ ਰੱਖੋਗੇ ਬਲਕਿ ਪ੍ਰਵੇਸ਼ ਦੇ 'ਸਿਰਜਣਾਤਮਕ ਸਿੱਖਿਆ ਮਾਡਲ' ਤਹਿਤ ਜਮਾਤ ਦੇ ਮਾਹੌਲ ਨੂੰ ਵੀ ਇਸੇ ਤਰ੍ਹਾਂ ਸਿਰਜਣਾਤਮਕ ਬਣਾ ਕੇ ਰੱਖੋਗੇ।

ਸ਼ੁਭ ਇੱਛਾਵਾਂ ਸਹਿਤ

**ਜੀ.ਕੇ ਸਿੰਘ ਆਈ.ਏ.ਐਸ**

ਸਰਵ ਸਿੱਖਿਆ ਅਭਿਆਨ

ਪੜ੍ਹੋ ਸਾਰੇ ਵਧੋ ਸਾਰੇ

ਸਿੱਖਿਆ ਭਵਨ (ਪੰਜਾਬ ਸਕੂਲ ਸਿੱਖਿਆ ਬੋਰਡ), ਪੰਜਵੀਂ ਮੰਜ਼ਿਲ, ਬਲਾਕ-ਈ, ਫੇਜ਼ 8,
ਜ਼ਿਲ੍ਹਾ ਐਸ.ਏ.ਐਸ. ਨਗਰ (ਮੋਹਾਲੀ) ਪੰਜਾਬ - 160062
ਫੋਨ ਨੰ: 0172-5212313, 5212359, ਫੈਕਸ: 0172-5212369, 5212370
Email: dgsepunjab18@gmail.com     website : ssapunjab.org